


# ਸੰਪਾਦਕ ਦੀ ਕਲਮ ਤੋਂ

## ਅਕਾਲ ਤਖ਼ਤ ਨਿਰਪੇਖ ਸਿੱਖ ਸੰਗਤ

ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਸਿੱਖੀ ਦੀ ਆਤਮਾ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੋ ਚੁੱਕੀ ਸੀ। ਇਸ ਦਾ ਪ੍ਰਕਾਸ਼ ਵੀ ਹੋ ਚੁੱਕਾ ਸੀ। ਇਸ ਲਈ ਚਵਰ, ਛਤਰ, ਸਿੰਘਾਸਨ ਵੀ ਤਿਆਰ ਹੋ ਚੁੱਕੇ ਸਨ। ਸੰਗਤ ਤੇ ਪੰਗਤ ਦਾ ਸੰਕਲਪ ਵੀ ਉਜਾਗਰ ਹੋ ਚੁੱਕਾ ਸੀ। ਪਰ ਇਸ ਦੇ ਬਾਵਜੂਦ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਅਤੇ ਪੀਰੀ ਦੇ ਅਦੁੱਤੀ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕੀਤੀ। ਇਸ ਲਈ ਨਾ ਤਾਂ ਸਰਕਾਰੀ ਭੇਟਾ ਹੀ ਪ੍ਰਵਾਨ ਕੀਤੀ ਗਈ ਤੇ ਨਾ ਹੀ ਬਾਹਰਲੀ ਸੇਵਾ। ਗੁਰੂ ਸਾਹਿਬ ਨੇ ਸਪੱਸ਼ਟ ਐਲਾਨ ਕਰ ਦਿੱਤਾ ਕਿ ਇਹ ਅਕਾਲ ਦਾ ਤਖ਼ਤ ਹੈ ਤੇ ਅਕਾਲ ਦੇ ਉਪਾਸ਼ਕ ਹੀ ਇਸ ਨੂੰ ਬਣਾਉਣਗੇ। ਇਸ ਅਸਥਾਨ ਤੇ ਚੰਗੀ ਜਵਾਨੀ, ਚੰਗੇ ਘੋੜੇ ਤੇ ਚੰਗੇ ਸ਼ਸ਼ਤਰਾਂ ਦੀ ਭੇਟਾ ਪ੍ਰਵਾਨ ਹੋਈ। ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ ਗੁਰੂ ਹਰਗੋਬਿੰਦ ਸਾਹਿਬ ਨੇ ਸਭ ਨੂੰ ਚੱਕਰਿਤ ਤੇ ਚਕਾਚੌਂਧ ਕਰ ਦਿੱਤਾ। ਬਾਬਾ ਨਾਨਕ ਸ਼ਾਹ ਫ਼ਕੀਰ ਦਾ ਇਹ ਨਵਾਂ ਰੂਪ ਸੰਸਾਰ ਲਈ ਪਸ਼ੇਮਾਨੀ ਦਾ ਕਾਰਨ ਬਣਿਆ। ਮਰਾਠਾ ਵੀਰ ਸ਼ਿਵਾ ਜੀ ਦੇ ਗੁਰੂ ਸਮਰੱਥ ਰਾਮਦਾਸ ਵਰਗੇ ਤਾਂ ਇਸ ਰੂਪ ਤੋਂ ਵਿਚਲਿਤ ਹੋ ਵਾਪਸ ਹੀ ਮੁੜਨ ਲੱਗੇ।

ਗੁਰੂ ਨਾਨਕ ਪਾਤਸ਼ਾਹ ਦਾ ਆਰੰਭ ਕੀਤਾ ਇਹ ਪ੍ਰਵਾਹ ਚੱਲਦਾ ਰਿਹਾ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ 1699 ਦੀ ਵਿਸਾਖੀ ਵਾਲੇ ਦਿਨ ਨੰਗੀ ਤਲਵਾਰ ਰਾਹੀਂ ਉਨ੍ਹਾਂ ਹੀ ਆਸ਼ਕਾਂ, ਪਿਆਰਿਆਂ ਦੀ ਮੰਗ ਕੀਤੀ, ਜਿਨ੍ਹਾਂ ਬਾਰੇ ਗੁਰੂ ਨਾਨਕ ਸਾਹਿਬ ਨੇ ਕਿਹਾ ਸੀ, **ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥'**

ਗੁਰੂ ਨਾਨਕ ਸਾਹਿਬ ਤੋਂ ਆਰੰਭ ਹੋ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ ਜੋਤ ਅਤੇ ਜੁਗਤੀ ਅਗਲੇ ਗੁਰੂ ਸਾਹਿਬ ਵਿੱਚ ਸਥਾਪਤ ਕਰ ਦਿੱਤੀ ਜਾਂਦੀ ਸੀ। **ਜੋਤਿ ਓਹਾ ਜੁਗਤਿ ਸਾਇ......॥'** ਕਲਗੀਧਰ ਪਿਤਾ ਨੇ ਦਸਾਂ ਪਾਤਸ਼ਾਹੀਆਂ ਦੀ ਜੋਤ ਤਾਂ ਗੁਰੂ ਗ੍ਰੰਥ ਸਾਹਿਬ ਵਿੱਚ ਸਥਾਪਤ ਕਰ ਦਿੱਤੀ ਅਤੇ ਜੁਗਤੀ ਗੁਰੂ ਖ਼ਾਲਸੇ ਨੂੰ ਅਰਪਣ ਕਰ ਦਿੱਤੀ। ਗੁਰੂ ਪੰਥ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਉਹ ਮਤੇ, ਗੁਰਮਤੇ, ਫ਼ੈਸਲੇ, ਆਦੇਸ਼ ਅਤੇ ਹੁਕਮ ਜਾਰੀ ਕਰ ਸਕਦਾ ਸੀ, ਜਿਨ੍ਹਾਂ ਨੂੰ ਪੰਥਕ ਮਾਨਸਿਕਤਾ ਗੁਰੂ ਸਾਹਿਬ ਦੇ ਹੁਕਮਨਾਮੇ ਜਿਹਾ ਸਤਿਕਾਰ ਦਿੰਦੀ ਰਹੀ ਹੈ। ਇਸ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਵੱਲੋਂ ਸਿਰਜੇ ਖ਼ਾਲਸੇ ਦੇ ਸਿਧਾਂਤਾਂ ਵਿੱਚ ਕਦੀ ਖੜੋਤ ਨਹੀਂ ਆ ਸਕਦੀ। ਖ਼ਾਲਸਾ ਸਮੇਂ-ਸਮੇਂ ਸਿਰ ਇਲਾਹੀ ਫ਼ੈਸਲੇ ਲੈ ਸਕਦਾ ਹੈ ਤੇ ਲਾਗੂ ਕਰ ਸਕਦਾ ਹੈ। ਕਿਸੇ ਵੀ ਮਤ-ਮਤਾਂਤਰ ਜਾਂ ਮਜ਼ਬ੍ਹ ਵਿੱਚ ਇਹੋ ਜਿਹੀ ਵਿਵਸਥਾ ਨਹੀਂ ਹੈ।

ਜੋਤ ਅਤੇ ਜੁਗਤਿ ਦੇ ਇਸ ਅਦੁੱਤੀ ਸੰਕਲਪ ਨੂੰ ਵਕਤੀ ਸਰਕਾਰਾਂ ਅਤੇ ਪੰਥ ਵਿਰੋਧੀ ਸ਼ਕਤੀਆਂ ਨੇ ਚੰਗੀ ਨਜ਼ਰੇ ਨਹੀਂ ਦੇਖਿਆ। ਜਿਸ ਤਰ੍ਹਾਂ ਬਿਜਲਈ ਸ਼ਕਤੀ ਤੋਂ ਬਿਨਾਂ ਮਸ਼ੀਨ ਨਿਰਜਿੰਦ ਹੈ, ਇਸੇ ਤਰ੍ਹਾਂ ਜੇਕਰ ਖ਼ਾਲੀ ਬਿਜਲੀ ਦੀ ਸ਼ਕਤੀ ਹੈ ਪਰ ਮਸ਼ੀਨ ਨਹੀਂ ਤਾਂ ਕੋਈ ਕਾਰਜ ਸਿੱਧ ਨਹੀਂ ਹੋ ਸਕਦਾ। ਇਹੀ ਸਿਧਾਂਤ, ਜੋਤ ਅਤੇ ਜੁਗਤਿ ਦੇ ਸੁਮੇਲ ਦਾ ਹੈ। ਆਤਮਾ ਤੋਂ ਬਿਨਾਂ ਸਰੀਰ ਮੁਰਦਾ ਹੈ ਤੇ ਸਰੀਰ ਤੋਂ ਬਿਨਾਂ ਆਤਮਾ ਪ੍ਰੇਤ-ਤੁਲ ਹੈ।

ਗੁਰੂ ਗ੍ਰੰਥ ਸਾਹਿਬ ਜੋਤ ਹੈ, ਖ਼ਾਲਸਾ ਜੁਗਤੀ ਹੈ। ਇਨ੍ਹਾਂ ਦੋਹਾਂ ਦੇ ਸੁਮੇਲ ਦੀ ਸਰਵੁੱਚਤਾ ਨੂੰ ਪ੍ਰਵਾਨ ਕਰਨ ਤੇ ਇਸ ਪ੍ਰਤੀ ਸਮਰਪਿਤ ਹੋਣ ਵਾਲਾ ਹੀ ਸਿੱਖ ਅਖਵਾਉਣ ਦਾ ਹੱਕਦਾਰ ਹੈ। ਆਰੀਆ ਸਮਾਜ ਦੇ ਸੰਸਥਾਪਕ ਦਯਾ ਨੰਦ ਦੀ ਆਮਦ ਦੇ ਨਾਲ ਹੀ ਗਿਣੇ-ਮਿਥੇ ਢੰਗ ਦੇ ਨਾਲ ਇਹ ਪ੍ਰਚਾਰ-ਪ੍ਰਸਾਰ ਆਰੰਭ ਹੋਇਆ ਕਿ ਅਸੀਂ ਤਾਂ ਕੇਵਲ ਗੁਰੂ ਨਾਨਕ ਸਾਹਿਬ ਤੇ ਉਨ੍ਹਾਂ ਦੀ ਬਾਣੀ ਨੂੰ ਹੀ ਮੰਨਦੇ ਹਾਂ, ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਸਾਹਿਬ ਦੀ ਲਹਿਰ ਨੂੰ ਉਲਟ ਮੋੜ ਦੇ ਦਿੱਤਾ, ਗੁਰੂ ਗੋਬਿੰਦ ਸਿੰਘ ਗੁੰਮਰਾਹ ਦੇਸ਼ ਭਗਤ ਸਨ। ਹੁਕਮਨਾਮਾ ਅਕਾਲ ਤਖ਼ਤ ਦਾ ਨਹੀਂ, ਗੁਰੂ ਗ੍ਰੰਥ ਸਾਹਿਬ ਦਾ ਹੁੰਦਾ ਹੈ, ਗੁਰੂ ਗੋਬਿੰਦ ਸਿੰਘ ਜੀ ਨੇ ਦੇਹ ਸ਼ਿਵਾ ਅਤੇ ਵਾਰ ਸ੍ਰੀ ਭਗੌਤੀ ਕਹਿ ਕੇ ਦੇਵੀ ਦੀ ਅਰਾਧਨਾ ਕੀਤੀ ਆਦਿ ਆਦਿ......।

ਇਸ ਲਈ ਗੁਰੂ ਦੇ ਬਾਣੇ ਅਤੇ ਬਾਣੀ ਤੇ ਸੁਨਿਯੋਜਤ ਢੰਗ ਨਾਲ ਹਮਲੇ ਪ੍ਰਾਰੰਭ ਕੀਤੇ ਗਏ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਢਾਹ-ਢੇਰੀ ਕੀਤਾ ਗਿਆ ਅਤੇ ਤਸ਼ੱਦਦ ਦੀ ਅੰਨ੍ਹੀ ਹਨ੍ਹੇਰੀ ਝੁਲਾਈ ਗਈ। ਪਰ ਇਹ ਸਭ ਕੁਝ ਜੋਤ ਅਤੇ ਜੁਗਤਿ ਦੇ ਸੁਮੇਲ ਗੁਰੂ ਗ੍ਰੰਥ ਤੇ ਗੁਰੂ ਪੰਥ ਦੇ ਸੰਕਲਪ ਨੂੰ ਨਾ ਮਿਟਾ ਸਕੇ।

ਆਰ.ਐੱਸ.ਐੱਸ. ਦੀ ਰੰਗਰੂਟ ਸੰਸਥਾ ਰਾਸ਼ਟਰੀ ਸਿੱਖ ਸੰਗਤ ਨੇ ਇਸ ਸਾਰੇ ਪ੍ਰੋਗਰਾਮ ਨੂੰ ਕਲਮਬੱਧ ਕਰਦਿਆਂ ਆਪਣੇ ਸੰਵਿਧਾਨ ਵਿੱਚ ਰਾਸ਼ਟਰੀ ਸਿੱਖਾਂ ਦੀ ਸੰਗਤ ਦਾ ਸੰਕਲਪ ਪੇਸ਼ ਕੀਤਾ, ਜਿਸ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ, ਗੁਰੂ ਪੰਥ, ਹੁਕਮਨਾਮੇ ਦਾ ਦੂਰ-ਦੂਰ ਤੱਕ ਜ਼ਿਕਰ ਵੀ ਨਹੀਂ।

ਨਿਸ਼ਾਨਾ ਇੱਕ ਐਸੇ ਰਾਸ਼ਟਰੀ ਸਿੱਖ ਸਮਾਜ ਦੀ ਸੰਸਥਾਪਨਾ ਕਰਨੀ ਸੀ ਜੋ ਕਿ ਐਲਾਨ ਕਰੇ ਕਿ ਅਸੀਂ ਤਾਂ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਾਂ। ਗੁਰੂ ਪੰਥ, ਰਹਿਤ ਮਰਯਾਦਾ, ਅਕਾਲ ਤਖ਼ਤ, ਹੁਕਮਨਾਮਾ, ਜੱਥੇਦਾਰ, ਸਿੰਘ ਸਾਹਿਬ, ਅੰਮ੍ਰਿਤ, ਗੁਰੂ ਇਤਿਹਾਸ ਆਦਿ ਸਭ ਬ੍ਰਾਹਮਣ ਦੀ ਦੇਣ ਹੈ ਅਤੇ ਇਹ ਸਭ ਕੁਝ 'ਬਿਪਰਨ ਕੀ ਰੀਤ' ਹੈ।

ਇਸ ਸਾਰੀ ਕਾਰਵਾਈ ਨੂੰ ਸਰਅੰਜਾਮ ਦੇਣ ਲਈ ਸਿੱਖੀ ਸਰੂਪ ਵਿੱਚ ਜਾਤੀ ਅਤੇ ਜਮਾਤੀ ਤੌਰ 'ਤੇ ਵਿਚਰ ਰਹੇ ਵਿਅਕਤੀ ਅਤੇ ਸੰਸਥਾਵਾਂ ਦੀਆਂ ਸੇਵਾਵਾਂ ਅਣਮੰਗੀਆਂ ਹੀ ਹਾਜ਼ਰ ਸਨ।

ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੁਕਮਨਾਮਾ ਇੱਕ ਐਸੀ ਨਾਭੀ ਜਾਂ ਧੁਰਾ ਹੈ, ਜੋ ਪੰਥ ਨੂੰ ਸਮੇਂ-ਸਮੇਂ ਸਿਰ ਸੇਧ ਦੇ ਸਕਦਾ ਹੈ। ਵੱਡੇ ਹਮਲੇ ਰਾਹੀਂ ਸਿੱਖੀ ਦੇ ਰੱਥ ਦੇ ਪਹੀਏ 'ਚੋਂ ਉਹ ਕਿੱਲੀ ਹੀ ਕੱਢ ਦੇਣ ਦੀ ਇਹ ਸਾਜ਼ਿਸ਼ ਹੈ।

ਭਗਵੰਤ ਹਰੀ ਜੀ ਹਿੰਦੂ ਦੀ ਪਰਿਭਾਸ਼ਾ ਦਿੰਦਿਆਂ ਲਿਖਦੇ ਹਨ, 'ਜੋ ਖਾਣ-ਪੀਣ, ਰਹਿਣ-ਸਹਿਣ, ਪੂਜਾ-ਪਾਠ ਦੇ ਸਾਰੇ ਬੰਧਨਾਂ ਤੋਂ ਮੁਕਤ ਹੈ, ਉਹ ਅੱਜ ਦਾ ਹਿੰਦੂ ਹੈ।' ਗੁਰੂ ਗੋਬਿੰਦ ਸਿੰਘ ਜੀ ਦੇ ਖਾਸ ਰੂਪ ਨਿਆਰੇ ਖ਼ਾਲਸੇ ਨੂੰ ਵੀ ਇਸੇ ਤਰ੍ਹਾਂ ਬੰਧਨ ਮੁਕਤ ਕਰਨ ਦੀ ਇਹ ਸਾਜ਼ਿਸ਼ ਵੀ ਬੁਰੀ ਤਰ੍ਹਾਂ ਨਾਕਾਮਯਾਬ ਹੋਏਗੀ ਕਿਉਂਕਿ ਖ਼ਾਲਸਾ ਰੂਪੀ ਖੇਤੀ ਦੀ ਸੰਭਾਲ ਦਾ ਵਾਇਦਾ ਕਲਗੀਧਰ ਪਿਤਾ ਨੇ ਖ਼ੁਦ ਕੀਤਾ ਹੈ।

